**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**
**ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ**

ਵੱਲ

(1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ), ਪੰਜਾਬ।
(2) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.), ਪੰਜਾਬ।

ਮੀਮੋ ਨੰ. ਏ.ਐਸ.ਪੀ.ਡੀ(ਪ੍ਰੋਕਿ)/ਐਸ.ਐਸ.ਏ/2009/68277-68316
ਮਿਤੀ ਚੰਡੀਗੜ੍ਹ 18.09.09

**ਵਿਸ਼ਾ:- ਰਾਜ ਸਰਕਾਰ ਦੇ ਸਕੂਲਾਂ ਵਿੱਚ ਪਈਆਂ ਬੇਕਾਰ ਪੁਰਾਣੀਆਂ, ਨਾ ਮੁਰੰਮਤ ਯੋਗ/ਨਾ ਵਰਤੋਂ ਯੋਗ ਸਟੋਰ ਵਸਤਾਂ ਦੇ ਨਿਪਟਾਰੇ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਇਹ ਵੇਖਣ ਵਿੱਚ ਆਇਆ ਹੈ ਕਿ ਰਾਜ ਦੇ ਸਕੂਲਾਂ ਵਿੱਚ ਬਹੁਤ ਸਾਰੀਆਂ ਸਟੋਰ ਦੀਆਂ ਵਸਤਾਂ ਜਿਵੇਂ ਕਿ ਕੁਰਸੀਆਂ, ਮੇਜਾਂ, ਬੈਂਚ, ਅਲਮਾਰੀਆਂ ਅਤੇ ਰੈਕ ਆਦਿ ਨਾ ਮੁਰੰਮਤ ਯੋਗ/ਨਾ ਵਰਤੋਂ ਯੋਗ ਬੇਕਾਰ ਪਈਆਂ ਹਨ। ਜਿਹਨਾਂ ਨੇ ਸਕੂਲਾਂ ਵਿੱਚ ਬਹੁਤ ਜਗ੍ਹਾਂ ਰੋਕੀ ਹੋਈ ਹੈ ਅਤੇ ਅਜਿਹਾ ਪਿਆ ਸਮਾਨ ਭੈੜਾ ਲੱਗਦਾ ਹੈ ਜਿਸ ਦਾ ਨਿਪਟਾਰਾ ਕਰਨ ਦੀ ਲੋੜ ਹੈ।

3.0 ਪੰਜਾਬ ਵਿੱਤੀ ਨਿਯਮਾਵਲੀ ਜਿਲਦ-1 ਦੇ ਰੂਲ 15.3 ਵਿੱਚ ਵਰਨਣ ਕੀਤੇ ਅਨੁਲੱਗ ''ਸੀ'' ਦੇ ਰੂਲ 4 ਅਤੇ 21 ਅਤੇ ਵਿੱਤ ਵਿਭਾਗ (ਵਿੱਤ ਪਸੋਨਲ-4 ਸ਼ਾਖ਼ਾ) ਵੱਲੋਂ ਮਿਤੀ 04.10.91 ਨੂੰ ਜਾਰੀ ਹਦਾਇਤਾਂ ਦੇ ਅਨੁਸਾਰ ਅਜਿਹੀਆਂ ਵਸਤਾਂ ਨੂੰ ਨਕਾਰਾ ਕਰਾਰ ਦੇਣ ਅਤੇ ਵੇਚਣ/ਡਿਸਪੋਜ ਆਫ਼(ਕਾਪੀ ਨੱਥੀ) ਕਰਨ ਲਈ ਸਮਰੱਥ ਅਧਿਕਾਰੀਆਂ ਦੀ ਵਿੱਤੀ ਸ਼ਕਤੀਆਂ ਦਾ ਵਰਣਨ ਕੀਤਾ ਹੋਇਆ ਹੈ।

4.0 ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਆਪਣੇ ਜ਼ਿਲ੍ਹੇ ਅਧੀਨ ਪੈਂਦੇ ਸਾਰੇ ਸਕੂਲਾਂ ਦੇ ਮੁੱਖੀਆਂ ਨੂੰ ਅਜਿਹੀਆਂ ਸਾਰੀਆਂ ਵਸਤੂਆਂ ਦੀ ਸੂਚੀ ਤਿਆਰ ਕਰਨ ਲਈ ਜੋ ਕਿ ਮੁਰੰਮਤ ਯੋਗ ਨਹੀ./ਨਾ ਵਰਤੋਂ ਯੋਗ ਜਾਂ ਨਕਾਰਾ ਹਨ ਯਕੀਨੀ ਬਣਾਉਣਗੇ ਜਿਹੜੀਆਂ ਵਸਤੂਆਂ ਨਕਾਰਾ ਯੋਗ ਹਨ ਉਸ ਦੀ ਇਨਸਪੈਕਸ਼ਨ ਸਬੰਧਤ ਸਕੂਲ ਦੇ ਸੀਨੀਅਰ ਸਟਾਫ ਦੀ ਕਮੇਟੀ ਵੱਲੋਂ ਕੀਤੀ ਜਾਵੇ ਅਤੇ ਉਸ ਦੀ ਰਿਪੋਰਟ ਨੂੰ ਮੁੱਖ ਰੱਖਦੇ ਹੋਏ ਵਿੱਤੀ ਨਿਯਮਾਂ ਅਨੁਸਾਰ ਸਮਰੱਥ ਅਧਿਕਾਰੀ ਤੋਂ ਮਨਜੂਰੀ ਲੈਣ ਉਪਰੰਤ ਨਿਪਟਾਰਾ ਕੀਤਾ ਜਾਵੇ। ਨਕਾਰਾ ਯੋਗ ਵਸਤੂਆਂ ਦੀ ਸੂਚੀ ਹੇਠ ਦਿੱਤੇ ਪ੍ਰੋਫਾਰਮੇ ਵਿੱਚ ਬਣਵਾਈ ਜਾਵੇ ।

| ਲੜੀ ਨੰ: | ਵਸਤੂ ਦਾ ਨਾਂ | ਖਰੀਦਣ ਦੀ ਮਿਤੀ | ਖਰੀਦ ਕੀਮਤ | ਨਕਾਰਾ ਯੋਗ ਵਸਤੂ ਦੀ ਗਿਣਤੀ | ਵਸਤੂ ਦੇ ਨਕਾਰਾ ਹੋਣ ਦਾ ਕਾਰਨ | ਸੀਨੀਅਰ ਸਟਾਫ ਦੀ ਕਮੇਟੀ ਦੀ ਸਿਫਾਰਸ਼ |
|---|---|---|---|---|---|---|
| | | | | | | |

5.0 ਇਸ ਕੰਮ ਦੀ ਪ੍ਰਗਤੀ ਰਿਪੋਰਟ ਹਰ ਮਹੀਨੇ ਹੋਣ ਵਾਲੀ ਮੀਟਿੰਗ ਵਿੱਚ ਵਿਚਾਰੀ ਜਾਇਆ ਕਰੇਗੀ।

6.0 ਸਕੂਲਾਂ ਅੰਦਰ ਨਕਾਰਾਯੋਗ ਵਸਤੂਆਂ/ਸਾਮਾਨ ਕਿਸੇ ਵੀ ਹਾਲਤ ਵਿੱਚ ਕਮਰੇ ਅੰਦਰ ਸਾਂਭਿਆ ਨਾ ਰਹੇ ਇਸ ਦਾ ਨਿਪਟਾਰਾ ਤੁਰੰਤ ਨਿਯਮਾਂ ਅਨੁਸਾਰ ਕੀਤਾ ਜਾਵੇ।

7.0 ਇਹ ਹੁਕਮ ਸਕੱਤਰ ਸਕੂਲ ਸਿੱਖਿਆ ਜੀ ਦੇ ਹੁਕਮਾਂ ਮਿਤੀ 17.9.09 ਅਨੁਸਾਰ ਜਾਰੀ ਕੀਤੇ ਗਏ ਹਨ।

8.0 ਇਹਨਾਂ ਹਦਾਇਤਾਂ ਦੀ ਇੰਨ ਬਿਨ ਪਾਲਣਾ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਪਿੱਠਅੰਕਣ ਨੰ. ਉਕਤ 68317-68325 ਮਿਤੀ 18.09.09

ਉਤਾਰਾ(1) ਡਾਇਰੈਕਟਰ ਸਿੱਖਿਆ ਵਿਭਾਗ(ਐ.ਸਿ) ਪੰਜਾਬ, ਚੰਡੀਗੜ੍ਹ।

(2) ਡਾਇਰੈਕਟਰ ਸਿੱਖਿਆ ਵਿਭਾਗ(ਸੈ.ਸਿ)ਪੰਜਾਬ, ਚੰਡੀਗੜ੍ਹ।

(3) ਮੰਡਲ ਸਿੱਖਿਆ ਅਫ਼ਸਰ(ਨਾਭਾ,ਫਰੀਦਕੋਟ,ਜਲੰਧਰ)।

(4) ਸਮੂਹ ਬੀ.ਪੀ.ਈ.ਓ. ਪੰਜਾਬ।

(5) ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ।

(6) ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ

(7) ਸਮੂਹ ਮੰਡਲ ਨਿਰੀਖਣ ਟੀਮਾਂ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**